ਵਕੀਲ ਦੀ ਲੋੜ ? 905-362-0755
Electrtic Brush or Teeth Whitening FREE ਮੁਫ਼ਤ 905-458-3344 With Teeth Cleaning & New Patient Exam
ਦੰਦ ਲਗਵਾਓ FREE ਮੁਫ਼ਤ 905-458-3344 With CDCP
ਸਸਤੀਆਂ ਹਵਾਈ ਟਿਕਟਾਂ 24/7 SERVICE 905-456-9977
ਇੰਡੀਅਨ ਵੀਜ਼ਾ OCI & Passport Renewal 514-389-7070
12 Beds, 7 Baths For 24 Guests 905-965-4644
Line of Credit Fix Bad Credit Get OSAP Loan 905-965-4644
ਮਰਦਾਨਾ ਕਮਜ਼ੋਰੀ 416-992-5489

ਬੇਬੇ ਮੈਂ ਬਦਮਾਸ਼ ਬਣੂੰਗਾ

ਜੱਗੀ ਕੁੱਸਾ

ਇੱਕ ਵਾਰ ਮੇਰਾ ਇੱਕ ਮਿੱਤਰ ਇੰਗਲੈਂਡ ਆਇਆ। ਮੇਰਾ ਉਸ ਦੇ ਬਾਪੂ ਜੀ ਨਾਲ ਬਹੁਤ ਪ੍ਰੇਮ ਸੀ। ਬਾਪੂ ਵੀ ਮੈਨੂੰ ਆਪਣੇ ਪੁੱਤਰਾਂ ਨਾਲੋਂ ਵੱਧ ਮੋਹ ਕਰਦਾ ਸੀ। ਜਦ ਉਹ ਮਿੱਤਰ ਇੰਡੀਆ ਨੂੰ ਵਾਪਿਸ ਜਾਣ ਲੱਗਿਆ ਤਾਂ ਮੈਂ ਉਸ ਦੇ ਹੱਥ ਬਲੈਕ ਲੇਬਲ ਵਿਸਕੀ ਦੀ ਇੱਕ ਲੀਟਰ ਦੀ ਬੋਤਲ ਦੇ ਦਿੱਤੀ, "ਇਹ ਬਾਪੂ ਜੀ ਵਾਸਤੇ ਐ, ਅਤੇ ਜਾਣ ਸਾਰ ਬਾਪੂ ਦੇ ਹੱਥ ਫ਼ੜਾ ਦੇਵੀਂ।" ਉਹ ਮਿੱਤਰ ਬੜਾ ਖ਼ੁਸ਼ ਹੋਇਆ ਅਤੇ ਬੋਤਲ ਫ਼ੜ ਕੇ ਬੈਗ 'ਚ ਪਾ ਲਈ। ਉਸ ਦੀ ਖ਼ੁਸ਼ੀ ਦਾ ਅੰਦਾਜ਼ਾ ਲਾ ਕੇ ਮੈਂ ਉਸ ਨੂੰ ਫ਼ਿਰ ਕਿਹਾ, "ਇਹਨੂੰ ਰਾਹ 'ਚ ਹੀ ਨਾ ਸੜ੍ਹਾਕ ਜਾਈਂ। ਇਹ ਬੋਤਲ ਬਾਪੂ ਜੀ ਵਾਸਤੇ ਐ" ... ਤਾਂ ਉਹ "ਸਮਝ ਗਿਆ ਬਾਈ ... "ਆਖ ਕੇ ਏਅਰਪੋਰਟ ਦੇ ਅੰਦਰ ਤੁਰ ਗਿਆ। ਤੀਜੇ ਦਿਨ ਮਿੱਤਰ ਦਾ ਠੀਕ-ਠਾਕ ਪਹੁੰਚਣ ਦਾ ਫ਼ੋਨ ਆਇਆ, "ਬਾਪੂ ਦੀ ਅਮਾਨਤ ਬਾਪੂ ਨੂੰ ਫ਼ੜਾ ਦਿੱਤੀ ਸੀ?" ਮੈਂ ਬੋਤਲ ਬਾਰੇ ਪੁੱਛਿਆ ਤਾਂ ਉਹ ਬੜੇ ਮਿਜ਼ਾਜ ਨਾਲ ਵਿਅੰਗਮਈ ਬੋਲਿਆ, "ਉਹ ਤਾਂ ਬਾਈ ਮੈਂ ਜਾਹਜ਼ 'ਚ ਹੀ ਖਿੱਚਤੀ ਸੀ। ਨਾਲੇ ਬਾਪੂ ਅੱਗੇ ਕਿਹੜਾ ਬਲੈਕ ਲੇਬਲ ਹੀ ਪੀਂਦੈ? ਮੈਂ ਉਹਨੂੰ ਮੋਟੇ ਸੰਤਰੇ ਦੀ ਬੋਤਲ ਲਿਆ ਕੇ ਦੇ ਦਿੱਤੀ।" ਅਚਾਨਕ ਓਹੀ ਹੱਡਬੀਤੀ ਬੇਬੇ ਮੈਂ ਬਦਮਾਸ਼ ਬਣੂੰਗਾ ਫ਼ਿਲਮ ਦੇਖ ਕੇ ਦੁਬਾਰਾ ਮਹਿਸੂਸ ਕੀਤੀ। ਜਦ ਮੈਂ ਸਿਨੇਮਾਂ ਹਾਲ 'ਚ ਦਾਖਲ ਹੋਇਆ ਤਾਂ ਉਥੇ ਵੀਹ-ਪੱਚੀ ਕੁ ਦਰਸ਼ਕ ਸਨ। ਕਰੀਬ ਪੌਣਾਂ ਹਾਲ ਖ਼ਾਲੀ ਪਿਆ ਸੀ। ਮੈਂ ਸੋਚਿਆ ਸਾਡੇ ਲੋਕ ਮੋਟੇ ਸੰਤਰੇ ਦੇ ਸ਼ੌਕੀਨ ਹਨ, ਭਾਵ ਕੱਚੀ-ਪੱਕੀ ਕੌਮੇਡੀ ਮੂਵੀਆਂ ਦੇ। ਜਿਹੜੇ ਬਾਰ-ਬਾਰ ਸਾਗ ਨਾਲ ਡਬਲਰੋਟੀ ਖਾਈ ਜਾਂਦੇ ਨੇ।

ਇਸ ਫ਼ਿਲਮ ਦਾ ਲੇਖਕ ਅਤੇ ਡਾਇਰੈਕਟਰ ਸੁਖਮਿੰਦਰ ਧੰਜਲ ਮੇਰਾ ਪੁਰਾਣਾ ਜਿਗਰੀ ਯਾਰ ਹੈ। ਸਾਡੀ ਯਾਰੀ ਨੂੰ ਤਾਂ ਕੋਈ ਕਬਾੜੀਆ ਵੀ ਚੁੱਕਣ ਲਈ ਤਿਆਰ ਨਹੀਂ। ਇਸ ਲਈ ਇਹ ਗੱਲ ਸਭ ਤੋਂ ਪਹਿਲਾਂ ਕਹਾਂਗਾ ਕਿ ਹਰ ਬੰਦੇ ਦੀ ਆਪੋ-ਆਪਣੀ ਪਸੰਦ ਹੈ। ਹੋ ਸਕਦਾ ਹੈ ਕਿਸੇ ਮਿੱਤਰ ਨੂੰ ਇਹ ਫ਼ਿਲਮ ਨਾ ਪਸੰਦ ਆਈ ਹੋਵੇ, ਪਰ ਇਸ ਫ਼ਿਲਮ 'ਚ ਕਮਾਲ ਦੇ ਕਟਾਕਸ਼ ਕੀਤੇ ਹੋਏ ਹਨ, ਅਤੇ ਭ੍ਰਿਸ਼ਟ ਸਿਸਟਮ ਉੱਪਰ ਮਿਰਜ਼ੇ ਦੀਆਂ ਕਾਨੀਆਂ ਵਰ੍ਹਾਈਆਂ ਗਈਆਂ ਹਨ। ਕਿਤੇ-ਕਿਤੇ ਜੱਟ ਦੀ ਕੁਤਕੁਤੀ ਵਾਲੀ ਸਲੰਘ ਵੱਖੀ 'ਚ ਦੀ ਕੱਢੀ ਹੋਈ ਹੈ। ਇੱਥੇ ਮੈਂ ਫ਼ਿਲਮ ਦੀ ਕਹਾਣੀ ਦਾ ਜ਼ਿਕਰ ਨਹੀਂ ਕਰਾਂਗਾ, ਪਰ ਇਤਨੀ ਗੱਲ ਦਾਅਵੇ ਨਾਲ ਕਹਾਂਗਾ ਕਿ ਜੇ ਆਪਣੇ ਲੋਕ ਨਾਮ ਉੱਪਰ ਨਾ ਜਾ ਕੇ, ਇਸ ਦੇ ਵਿਸ਼ੇ ਅਤੇ ਫ਼ਿਲਮ ਬਣਾਉਣ ਦੇ ਮਕਸਦ ਉੱਪਰ ਆਪਣਾ ਧਿਆਨ ਇਕਾਗਰ ਕਰਨ ਤਾਂ ਇਹ ਫ਼ਿਲਮ ਕਿਸੇ ਵੱਡੇ ਇਨਾਮ ਦੀ ਹੱਕਦਾਰ ਹੋਵੇਗੀ। ਇਸ ਫ਼ਿਲਮ 'ਚ ਮੈਨੂੰ ਇੱਕ ਵੀ ਸੀਨ ਵਾਧੂ ਜਾਂ ਫ਼ਾਲਤੂ ਨਜ਼ਰ ਨਹੀਂ ਆਇਆ, ਅਤੇ ਹਰ ਕਲਾਕਾਰ ਨੇ ਆਪਣਾ ਬਣਦਾ ਯੋਗਦਾਨ ਪਾਇਆ ਅਤੇ ਆਪਣੇ ਕਿਰਦਾਰ ਨੂੰ ਬਾਖ਼ੂਬੀ ਨਿਭਾਇਆ ਹੈ।

ਕਿਸੇ ਨੂੰ ਮਾਂਹ ਬਾਦੀ ਅਤੇ ਕਿਸੇ ਨੂੰ ਮਾਫ਼ਕ ਹੁੰਦੇ ਨੇ। ਜ਼ਰੂਰੀ ਨਹੀਂ ਕਿ ਜੋ ਫ਼ਿਲਮ ਮੈਨੂੰ ਪਸੰਦ ਹੈ, ਉਹ ਹਰ ਇੱਕ ਨੂੰ ਹੀ ਪਸੰਦ ਆਵੇਗੀ। ਜਦ ਕੈਨੇਡਾ ਵੱਸਦੇ ਮੇਰੇ ਦੋਸਤ ਗੁਰਪ੍ਰੀਤ ਸਿੰਘ ਨੇ ਬੇਬੇ ਮੈਂ ਤਾਂ ਸੰਤ ਬਣੂੰਗਾ ਗੀਤ ਗਾਇਆ ਤਾਂ ਸਾਧ ਲਾਣਾ ਬੜਾ ਟੱਪਿਆ ਸੀ। ਪਰ ਉਸ ਦਾ ਉਦੇਸ਼ ਕਿਸੇ ਨੂੰ ਸੰਤ ਬਣਾਉਣਾ ਨਹੀਂ ਸੀ, ਅਤੇ ਨਾ ਹੀ ਉਸ ਗੀਤ ਕਾਰਨ ਅੱਜ ਤਕ ਕੋਈ ਸੰਤ ਬਣਿਆ। ਉਸ ਦਾ ਮਕਸਦ ਤਾਂ ਉਨ੍ਹਾਂ ਦੇ ਕਾਰਿਆਂ ਉੱਪਰ ਚੋਟ ਕਰਨ ਦਾ ਸੀ। ਓਹੀ ਹਾਲ ਇਸ ਫ਼ਿਲਮ ਦੇ ਨਾਮ ਤੋਂ ਕਈ ਲੋਕਾਂ ਦਾ ਹੋਇਆ ਹੈ। ਇਸ ਫ਼ਿਲਮ 'ਚ ਲੇਖਕ ਅਤੇ ਡਾਇਰੈਕਟਰ ਸੁਖਮਿੰਦਰ ਧੰਜਲ ਦਾ ਮਕਸਦ ਉਨ੍ਹਾਂ ਕਾਲੇ ਕਾਰਨਾਮਿਆਂ ਤੋਂ ਪਰਦਾ ਚੁੱਕਣਾ ਸੀ ਜੋ ਸਾਡੇ ਸਮਾਜ 'ਚ ਕੋਹੜ ਵਾਂਗ ਫ਼ੈਲ ਚੁੱਕੇ ਹਨ।

ਜੇ ਕਿਸੇ ਦੇ ਕਹਿਣ 'ਤੇ ਕੋਈ ਸਾਧ ਜਾਂ ਬਦਮਾਸ਼ ਬਣਦਾ ਹੁੰਦਾ ਤਾਂ ਅੱਜ ਦੁਨੀਆਂ ਦਾ ਮੂੰਹ-ਮੁਹਾਂਦਰਾ ਹੀ ਕੁੱਝ ਹੋਰ ਹੋਣਾ ਸੀ। ਸਿਆਣੇ ਆਖਦੇ ਹਨ ਕਿ ਜੇ ਕਿਸੇ ਸਿਆਣੇ ਦੇ ਹੱਥ ਜ਼ਹਿਰ ਆ ਜਾਵੇ ਤਾਂ ਉਹ ਜ਼ਹਿਰ ਨੂੰ ਮਾਰ ਕੇ ਔਸ਼ਧੀ ਬਣਾ ਕੇ ਸੌ ਰੋਗੀਆਂ ਨੂੰ ਤੰਦਰੁਸਤ ਕਰ ਦਿੰਦਾ ਹੈ। ਪਰ ਜੇ ਕਿਸੇ ਮੂਰਖ ਦੇ ਹੱਥ ਸ਼ਹਿਦ ਵੀ ਲੱਗ ਜਾਵੇ ਤਾਂ ਉਹ ਕਿਸੇ ਨੂੰ ਅੰਨ੍ਹੇਵਾਹ ਪਿਆ ਕੇ ਮੋਕ ਵੀ ਲਾ ਦਿੰਦਾ ਹੈ। ਮੇਰਾ ਕਹਿਣ ਦਾ ਮਤਲਬ ਸਾਨੂੰ ਹਰ ਵਿਸ਼ੇ 'ਚੋਂ ਕੰਮ ਦੀਆਂ ਗੱਲਾਂ ਚੁਣਨੀਆਂ ਅਤੇ ਗ੍ਰਹਿਣ ਕਰਨੀਆਂ ਚਾਹੀਦੀਆਂ ਹਨ। ਅਸੀਂ ਬਾਰ-ਬਾਰ ਦੁਹਾਈ ਦਿੰਦੇ ਹਾਂ ਕਿ ਜੀ ਚੰਗੀਆਂ ਫ਼ਿਲਮਾਂ ਨਹੀਂ ਬਣਦੀਆਂ ... ਸਾਨੂੰ ਚੀਪ ਕੌਮੇਡੀ ਪਰੋਸੀ ਜਾ ਰਹੀ ਹੈ ... ਅਤੇ ਪੰਜਾਬੀ ਸਿਨੇਮਾਂ ਨਿਘਾਰ ਵੱਲ ਧੱਕਿਆ ਜਾ ਰਿਹਾ ਹੈ, ਪਰ ਜੇ ਕੋਈ ਲੇਖਕ ਅਤੇ ਡਾਇਰੈਕਟਰ ਕੋਈ ਨਵਾਂ ਵਿਸ਼ਾ ਲੈ ਕੇ ਫ਼ਿਲਮ ਬਣਾਉਂਦਾ ਹੈ ਤਾਂ ਅਸੀਂ ਉਸ ਉੱਪਰ ਵੀ ਨੱਕ-ਬੁੱਲ੍ਹ ਚੜ੍ਹਾਉਂਦੇ ਹਾਂ। ਫ਼ਿਰ ਪੰਜਾਬੀ ਸਿਨੇਮੇ ਦੇ ਭਵਿੱਖ ਪ੍ਰਤੀ ਅਸੀਂ ਦੱਸੋ ਕਿੰਨੇ ਕੁ ਸੰਜੀਦਾ ਹੋ ਸਕਦੇ ਹਾਂ?

ਮੈਂ ਖ਼ੁਦ ਇੱਕ ਨਾਵਲਕਾਰ ਹੋਣ ਦੇ ਨਾਤੇ ਇਹ ਗੱਲ ਦਾਅਵੇ ਅਤੇ ਨਿੱਜੀ ਤਜਰਬੇ 'ਚੋਂ ਕਹਾਂਗਾ ਕਿ ਇਸ ਭ੍ਰਿਸ਼ਟ ਸਿਸਟਮ ਅਤੇ ਸਮੇਂ-ਸਮੇਂ ਦੇ ਹਾਕਮਾਂ ਦੇ ਖ਼ਿਲਾਫ਼ ਲਿਖਣਾ ਜਾਂ ਫ਼ਿਲਮ ਬਣਾਉਣਾ ਕੋਈ ਖ਼ਾਲਾ ਜੀ ਦਾ ਵਾੜਾ ਨਹੀਂ ਸਗੋਂ ਇੱਕ ਸ਼ੇਰ ਦੀ ਅਸਵਾਰੀ ਕਰਨ ਦੇ ਬਰਾਬਰ ਹੈ। ਇਸ ਲਈ ਸਾਨੂੰ ਫ਼ਿਲਮ ਦੇ ਲੇਖਕ, ਡਾਇਰੈਕਟਰ ਅਤੇ ਪ੍ਰੋਡਿਊਸਰ ਦੇ ਪੱਖ 'ਚ ਖੜ੍ਹਨਾ ਅਤੇ ਸਹਿਯੋਗ ਦੇਣਾ ਬਣਦਾ ਹੈ। ਸਮਾਜਕ ਮਸਲਿਆਂ ਦੀ ਗੱਲ ਕਰਨ ਵਾਲੇ ਹਿੰਮਤੀ ਬੰਦਿਆਂ ਦੇ ਗਿੱਟੇ 'ਤੇ ਸੋਟੀ ਮਾਰਨਾ ਸਾਡੇ ਲਈ ਕੋਈ ਸ਼ੋਭਾ ਵਾਲੀ ਗੱਲ ਨਹੀਂ। ਅੰਤ 'ਚ ਮੈਂ ਸਾਡੇ ਮਿੱਤਰ ਸੁਖਮਿੰਦਰ ਧੰਜਲ ਅਤੇ ਉਸ ਦੀ ਸਮੁੱਚੀ ਟੀਮ ਨੂੰ ਇਸ ਉਸਾਰੂ ਵਿਸ਼ੇ ਉੱਪਰ ਬਣਾਈ ਫ਼ਿਲਮ ਲਈ ਹਾਰਦਿਕ ਮੁਬਾਰਕਬਾਦ ਪੇਸ਼ ਕਰਦਾ ਹਾਂ ਅਤੇ ਦਰਸ਼ਕਾਂ ਨੂੰ ਬੇਬੇ ਮੈਂ ਬਦਮਾਸ਼ ਬਣੂੰਗਾ ਫ਼ਿਲਮ ਦੇਖਣ ਦੀ ਪੁਰਜ਼ੋਰ ਅਪੀਲ ਕਰੂੰਗਾ।

ਇੰਡੀਅਨ ਵੀਜ਼ਾ OCI & Passport Renewal 514-389-7070
Electrtic Brush or Teeth Whitening FREE ਮੁਫ਼ਤ 905-458-3344 With Teeth Cleaning & New Patient Exam
ਇੰਡੀਆ ਵਿੱਚ ਜਾਇਦਾਦ ਵੇਚੋ ਪੈਸੇ ਕੈਨੇਡਾ ਮੰਗਵਾਓ Buy/Sell US Dollars 416-731-7710
Security Cameras CCTV Live Monitoring 647-863-9232
ਲੇਡੀਜ਼ ਰੇਡੀਮੇਡ ਕਪੜੇ ਖ਼ਰੀਦਣ ਲਈ ਕਾਲ ਕਰੋ 647-829-2454
Line of Credit Fix Bad Credit Get OSAP Loan 905-965-4644

ਸਪਤਾਹਿਕ ਰਾਸ਼ੀ ਫ਼ਲ

ਮੇਖ (21 ਮਾਰਚ ਤੋਂ 20 ਅਪ੍ਰੈਲ)
ਦਫ਼ਤਰ ਵਿੱਚ ਤੁਹਾਨੂੰ ਇਸ ਹਫ਼ਤੇ ਇੱਕ ਮਹੱਤਵਪੂਰਨ ਜ਼ਿੰਮੇਵਾਰੀ ਮਿਲਣ ਜਾ ਰਹੀ ਹੈ। ਇਸ ਜ਼ਿੰਮੇਵਾਰੀ ਨੂੰ ਪੂਰਾ ਕਰਨਵਿੱਚ ਤੁਹਾਡੀ ਮਦਦ ਤੁਹਾਡੇ ਕੁਝ ਖਾਸ ਸਹਿਯੋਗੀਆਂ ਵੱਲੋਂ ਕੀਤੀ ਜਾਵੇਗੀ।ਤੁਹਾਡੇ ਦੁਸ਼ਮਣ ਵੀ ਤੁਹਾਡੇ ਵੱਲ ਦੋਸਤੀ ਦਾ ਹੱਥ ਵਧਾਉਣਗੇ। ਬੱਚਿਆਂ ਨਾਲਟਕਰਾਓ ਹੋ ਸਕਦਾ ਹੈ। ਮਾਪਿਆਂ ਵੱਲੋਂ ਕੋਈ ਚੰਗੀ ਖ਼ਬਰ ਮਿਲ ਸਕਦੀ ਹੈ।

ਸਿੰਘ (23 ਜੁਲਾਈ ਤੋਂ 23 ਅਗਸਤ)
ਜਿਨ੍ਹਾਂ ਦੇ ਵਿਆਹ ਦੀ ਗੱਲ ਬਹੁਤ ਦੇਰ ਤੋਂ ਸਿਰੇ ਨਹੀਂ ਚੜ੍ਹ ਰਹੀਸੀ, ਉਹਨਾਂ ਵਾਸਤੇ ਇਹ ਹਫ਼ਤਾ ਬੜੀ ਚੰਗੀ ਖ਼ਬਰ ਲੈ ਕੇ ਆਰਿਹਾ ਹੈ। ਜਿਨ੍ਹਾਂ ਨੇ ਨੌਕਰੀ ਦੇ ਲਈ ਅਪਲਾਈ ਕੀਤਾ ਹੋਇਆ ਹੈ, ਉਨ੍ਹਾਂ ਨੂੰ ਵੀਖੁਸ਼ੀ ਵਾਲੀ ਖ਼ਬਰ ਮਿਲੇਗੀ। ਮਨੋਰੰਜਨ ਦੇ ਮੌਕੇ ਵੀ ਮਿਲਣਗੇ। ਮਾਣ-ਸਨਮਾਨ'ਚ ਵਾਧਾ ਹੋਵੇਗਾ। ਇਹ ਹਫ਼ਤਾ ਤੁਹਾਡੇ ਲਈ ਖੁਸ਼ੀਆਂ ਵਾਲਾ ਰਹੇਗਾ।

ਧਨ (23 ਨਵੰਬਰ ਤੋਂ 23 ਦਸੰਬਰ)
ਪਰਵਾਰ ਵਿੱਚ ਮਾਤਾ ਜੀ ਦੇ ਨਾਲ ਕਿਸੇ ਗਲ ਤੋਂ ਟਕਰਾਓ ਹੋਣਦਾ ਯੋਗ ਹੈ ਅਤੇ ਇਹ ਟਕਰਾਓ ਵੱਧ ਵੀ ਸਕਦਾ ਹੈ। ਤੁਸੀਂ ਇਸਟਕਰਾਓ ਨੂੰ ਟਾਲ ਸਕਦੇ ਹੋ, ਲੋੜ ਹੈ ਮਾਤਾ ਜੀ ਦੀ ਗੱਲ ਸੁਣਨ ਦੀ। ਉਨ੍ਹਾਂ ਦੀਆਂਗੱਲਾਂ ਦੇ ਉਲਟ ਮਤਲਬ ਨਾ ਕੱਢੋ। ਵੱਡੇ ਜੇ ਕੋਈ ਗੱਲ ਸਮਝਾਉਂਦੇ ਹਨ ਤਾਂ ਇਸਵਿੱਚ ਬੱਚੇ ਦਾ ਹੀ ਭਲਾ ਹੁੰਦਾ ਹੈ।

ਬ੍ਰਿਖ (21 ਅਪ੍ਰੈਲ ਤੋਂ 21 ਮਈ)
ਵਪਾਰ ਵਿੱਚ ਘਾਟੇ ਦੇ ਕਾਰਨ ਤੁਸੀਂ ਕਾਫ਼ੀ ਦੇਰ ਤੋਂ ਪ੍ਰੇਸ਼ਾਨ ਚਲਰਹੇ ਹੋ, ਇਹ ਪ੍ਰੇਸ਼ਾਨੀ ਦੂਰ ਹੋਣ ਦਾ ਸਮਾਂ ਹੁਣ ਆ ਗਿਆ ਹੈ।ਪੁਰਾਣੀਆਂ ਗਲਤੀਆਂ ਨੂੰ ਭੁੱਲ ਕੇ ਨਵੀਂ ਸ਼ੁਰੂਆਤ ਦੇ ਨਾਲ ਹੀ ਵਪਾਰ ਵਧੀਆ ਚਲ ਸਕਦਾ ਹੈ।ਹੁਣ ਤੁਹਾਨੂੰ ਸਮਾਂ ਤੇ ਮੌਕਾ ਦੋਨੋਂ ਮਿਲਣ ਜਾ ਰਹੇ ਹਨ, ਇਸ ਦਾਫ਼ਾਇਦਾ ਉਠਾਓ। ਧਨ ਨੂੰ ਲੈ ਕੇ ਚੱਲ ਰਹੀ ਤੰਗੀ ਦੂਰ ਹੋਵੇਗੀ।

ਕੰਨਿਆ (24 ਅਗਸਤ ਤੋਂ 23 ਸਤੰਬਰ)
ਜ਼ਿਆਦਾ ਗੁੱਸੇ ਨਾਲ ਤੁਸੀਂ ਆਪਣੀ ਸਿਹਤ ਤੇ ਕੰਮ ਦਾ ਹੀ ਨੁਕਸਾਨ ਕਰ ਰਹੇ ਹੋ। ਹਰ ਚੀਜ਼ ਵਿੱਚ ਅਤਿ ਮਾੜੀ ਹੁੰਦੀ ਹੈ। ਇਹ ਜ਼ਰੂਰੀ ਨਹੀਂ ਕਿ ਹਰ ਗੱਲ ਵਿੱਚ ਤੁਹਾਡਾ ਹੀ ਨਜ਼ਰੀਆ ਠੀਕ ਹੋਵੇ, ਕਈ ਵਾਰ ਦੂਜੇ ਵੱਲੋਂ ਦਿੱਤੀ ਸਲਾਹ ਵੀ ਚੰਗੀ ਹੁੰਦੀ ਹੈ। ਅੱਗੇ ਹੀ ਇਸ ਗੁੱਸੇ ਨੇ ਕਈ ਆਪਣਿਆਂ ਨੂੰ ਤੁਹਾਡੇ ਤੋਂ ਦੂਰ ਕਰ ਦਿੱਤਾ ਹੈ।

ਮਕਰ (24 ਦਸੰਬਰ ਤੋਂ 20 ਜਨਵਰੀ)
ਇਸ ਹਫ਼ਤੇ ਤੁਹਾਡਾ ਕੰਮ ਅਤੇ ਵਪਾਰ ਪੂਰੀ ਤੇਜ਼ੀ ਨਾਲ ਚੱਲ ਸਕਦਾ ਹੈ ਅਤੇ ਕਾਫ਼ੀ ਦੇਰ ਤੋਂ ਫ਼ਸਿਆ ਹੋਇਆ ਪੈਸਾ ਵੀ ਮਿਲ ਸਕਦਾ ਹੈ। ਪਰ ਇਸ ਤੋਂ ਸਬਕ ਲੈਂਦੇ ਹੋਏ ਅੱਗੋਂ ਕਿਸੇ ਨਾਲ ਵੀ ਜ਼ਿਆਦਾ ਉਧਾਰ ਕਰਕੇ ਪੈਸਾ ਨਾ ਫ਼ਸਾਓ ਕਿਉਂਕਿ ਇਹ ਜ਼ਰੂਰੀ ਨਹੀਂ ਕਿ ਹਰ ਵਾਰੀ ਫ਼ਸਿਆ ਪੈਸਾਨਿਕਲ ਹੀ ਆਵੇ। ਪਿਤਾ ਨਾਲ ਕਿਸੇ ਗੱਲ ਨੂੰ ਲੈ ਕੇ

ਮਿਥੁਨ (22 ਮਈ ਤੋਂ 21 ਜੂਨ)
ਕੰਮ ਵਿੱਚ ਵੱਡਾ ਬਦਲਾਓ ਹੋਣ ਜਾ ਰਿਹਾ ਹੈ। ਇਹ ਬਦਲਾਓ ਤੁਹਾਡੇ ਲਈ ਚੰਗਾ ਸਮਾਂ ਲੈ ਕੇ ਆ ਰਿਹਾ ਹੈ। ਇਹ ਬਦਲਾਓ ਤੁਹਾਡੀ ਸੋਚ ਦੇ ਮੁਤਾਬਕ ਹੀ ਹੋਣ ਜਾ ਰਿਹਾ ਹੈ, ਇਸ ਲਈ ਇਸ ਨੂੰ ਲੈ ਕੇ ਚਿੰਤਾਨਾ ਕਰੋ। ਸ਼ੁਰੂ ਵਿੱਚ ਥੋੜ੍ਹੀ ਪ੍ਰੇਸ਼ਾਨੀ ਆ ਸਕਦੀ ਹੈ, ਪਰ ਜਲਦੀ ਹੀ ਇਹ ਪ੍ਰੇਸ਼ਾਨੀਦੂਰ ਹੋ ਜਾਵੇਗੀ। ਭਰਾ ਦੇ ਨਾਲ ਚਲ ਰਿਹਾ ਵਿਵਾਦ ਖ਼ਤਮ ਹੋ ਜਾਵੇਗਾ।

ਤੁਲਾ (24 ਸਤੰਬਰ ਤੋਂ 23 ਅਕਤੂਬਰ)
ਇਹ ਹਫ਼ਤਾ ਤੁਹਾਡੇ ਲਈ ਮਿਲੇ ਜੁਲੇ ਅਸਰ ਵਾਲਾ ਹੋਵੇਗਾ। ਕੰਮ ਵਿੱਚ ਥੋੜ੍ਹਾ ਤਣਾਓ ਵਧਿਆ ਹੋਵੇਗਾ।ਪੈਸੇ ਵਲੋਂ ਤੰਗੀ ਰਹੇਗੀ ਅਤੇ ਭੇਜਿਆ ਮਾਲ ਵੀ ਖਰਾਬ ਕਹਿ ਕੇ ਵਾਪਸ ਆ ਸਕਦਾ ਹੈ।ਆਪਣ ਆਪ ਤੇ ਕਾਬੂ ਰੱਖੋ ਅਤੇ ਕੰਮ ਵਿੱਚ ਜੋਸ਼ ਅਤੇ ਮਿਹਨਤ ਨਾਲ ਜੁਟੇ ਰਹੋ।ਹੌਲੀ ਹੌਲੀ ਪਰੇਸ਼ਾਨੀਆਂ ਦੂਰ ਹੋ ਜਾਣਗੀਆਂ ਅਤੇ ਪੈਸੇ ਦੀ ਤੰਗੀ ਵੀ ਦੂਰ ਹੋ ਜਾਵੇਗੀ।

ਕੁੰਭ (21 ਜਨਵਰੀ ਤੋਂ 19 ਫ਼ਰਵਰੀ)
ਤੁਹਾਡੀ ਸਿਹਤ ਲਈ ਇਹ ਹਫ਼ਤਾ ਪਰੇਸ਼ਾਨੀ ਵਾਲਾ ਰਹਿ ਸਕਦਾ ਹੈ। ਦਫ਼ਤਰ ਵਿੱਚ ਤੁਹਾਨੂੰ ਤਰੱਕੀ ਮਿਲਣ ਦਾ ਯੋਗ ਬਣ ਰਿਹਾ ਹੈ ਅਤੇ ਕੰਮ ਲਈ ਯਾਤਰਾ 'ਤੇ ਵੀ ਜਾਣਾ ਪੈ ਸਕਦਾ ਹੈ। ਬੱਚਿਆਂ ਦੇ ਪੇਪਰਾਂ ਦੇਨੰਬਰ ਤੁਹਾਨੂੰ ਕਾਫ਼ੀ ਪਰੇਸ਼ਾਨ ਕਰ ਸਕਦੇ ਹਨ। ਘਰ ਵਿੱਚ ਕਿਸੇ ਧਾਰਮਿਕਇੱਕੱਠ ਦਾ ਯੋਗ ਬਣ ਰਿਹਾ ਹੈ।

ਕਰਕ (22 ਜੂਨ ਤੋਂ 22 ਜੁਲਾਈ)
ਇਹ ਹਫ਼ਤਾ ਤੁਹਾਡੇ ਕੰਮ ਲਈ ਇੱਕ ਚੰਗਾ ਅਤੇ ਸੁਖਦ ਪਰਿਵਰਤਨ ਲੈ ਕੇ ਆ ਰਿਹਾ ਹੈ। ਤੁਸੀਂ ਆਪਣੇ ਕੰਮ ਵਿੱਚ ਜਿਸ ਤਬਦੀਲੀ ਨੂੰ ਲਿਆਉਣ ਦੀ ਸੋਚ ਰਹੇ ਸੀ ਉਹ ਇਸ ਹਫ਼ਤੇ ਹੋ ਸਕਦੀ ਹੈ। ਜੋਅੱਗੇ ਜਾ ਕੇ ਕਾਫ਼ੀ ਫ਼ਾਇਦੇਮੰਦ ਰਹਿ ਸਕਦਾ ਹੈ। ਪਰਵਾਰ ਨਾਲ ਕਿਸੇ ਪਹਾੜੀ ਜਗ੍ਹਾ 'ਤੇ ਜਾਣ ਦਾ ਵੀ ਪ੍ਰੋਗਰਾਮ ਬਣ

ਬ੍ਰਿਸ਼ਚਕ (24 ਅਕਤੂਬਰ ਤੋਂ 22ਨਵੰਬਰ)
ਤੁਹਾਡੇ ਵਾਸਤੇ ਇਹ ਹਫ਼ਤਾ ਮਿਲਿਆ ਜੁਲਿਆ ਰਹੇਗਾ, ਤੁਸੀਆਪਣੀਆਂ ਗੱਲਾਂ ਦੇ ਨਾਲ ਦੂਜਿਆਂ ਨੂੰ ਪ੍ਰਭਾਵਿਤ ਕਰੋਗੇ ਅਤੇਤੁਹਾਡੇ ਅੱਗੇ ਤੁਹਾਡੇ ਅੱਗੇ ਟਿੱਕ ਨਹੀਂ ਸਕਣਗੇ। ਸਰੀਰ ਵਿੱਚ ਕਿਸੇ ਥਾਂ 'ਤੇ ਦਰਦ ਰਹਿ ਸਕਦੀ ਹੈ। ਛੋਟੇ ਭਰਾ ਦੇ ਨਾਲ ਕਿਸੇ ਗੱਲ 'ਤੇ ਟਕਰਾਓ ਹੋ ਸਕਦਾ ਹੈ, ਪਰ ਇਹ ਟਕਰਾਓ ਜਲਦੀ ਹੀ ਖ਼ਤਮ ਹੋ ਜਾਵੇਗਾ।

ਮੀਨ (20 ਫ਼ਰਵਰੀ ਤੋਂ 20 ਮਾਰਚ)
ਭਰਾਵਾਂ ਵਿੱਚ ਦੇਰ ਤੋਂ ਚਲ ਰਿਹਾ ਜ਼ਮੀਨ ਦਾ ਵਿਵਾਦ ਖਤਮ ਹੋਸਕਦਾ ਹੈ। ਦੋ ਵੱਡੇ ਬਜ਼ੁਰਗਾਂ ਦੀ ਮਦਦ ਦੇ ਨਾਲ ਇਸ ਵਿਵਾਦਨੂੰ ਸੁਲਝਾ ਲਿਆ ਜਾਵੇਗਾ। ਇਸ ਹਫ਼ਤੇ ਕਿਸੇ ਨਵੇਂ ਜ਼ਮੀਨ ਦਾ ਸੌਦਾ ਹੋਣ ਦਾ ਵੀ ਯੋਗ ਬਣ ਰਿਹਾ ਹੈ।ਆਉਣ ਵਾਲੇ ਸਮੇਂ ਵਿੱਚ ਇਹ ਜ਼ਮੀਨ ਤੁਹਾਨੂੰ ਬੜਾ ਫ਼ਾਇਦਾਦੇ ਸਕਦੀ ਹੈ।ਸ਼ੇਅਰ ਵਿੱਚ ਜ਼ਿਆਦਾ ਪੈਸਾ ਲਾਉਣਾ ਨੁਕਸਾਨ ਕਰ ਸਕਦਾ ਹੈ।

Home Care Workers ਅਤੇ Nanies ਲਈ PR 416-848-3930
ਦੰਦਾਂ ਦੀ ਸਫ਼ਾਈ FREE ਮੁਫ਼ਤ 905-458-3344 With CDCP
12 Beds, 7 Baths For 24 Guests 905-965-4644
ਇੰਡੀਅਨ ਵੀਜ਼ਾ OCI & Passport Renewal 514-389-7070
ਦੰਦਾਂ ਦੀ ਦੇਖਭਾਲ 647-625-7205
ਵਕੀਲ ਦੀ ਲੋੜ ? 905-362-0755
ਕਰਜ਼ੇ ਤੋਂ ਪਰੇਸ਼ਾਨ ਹੋ ? 416-502-3100
ਲੀਗਲ ਸੇਵਾਵਾਂ 905-913-2355